ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ,ਅਜੀਤਗੜ੍ਹ।
(ਸੇਵਾਵਾਂ-1 ਸਾਖਾ)

ਵੱਲ

1) ਮੰਡਲ ਸਿਖਿਆ ਅਫਸਰ ,
ਨਾਭਾ, ਫਰੀਦਕੋਟ ,ਜੰਲਧਰ।
2) ਸੂਮਹ ਜਿਲਾ ਸਿਖਿਆ ਅਫਸਰ (ਸੈ:ਸਿ)
3) ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ) ਯੁ:ਟੀ ਪ੍ਰਸਾਸਨ ,ਚੰਡੀਗੜ੍ਹ।
ਮੀਮੋ ਨੰ: 3/38-2011 ਸੇ1(2)
ਮਿਤੀ ਚੰਡੀਗੜ੍ਹ: 25-05-2013

ਵਿਸਾ: ਪੀ.ਈ.ਐਸ(ਸਕੂਲ ਤੇ ਇਨਪੈਕਸਨ) ਗਰੁੱਪ ਏ ਕਾਡਰ ਵਿੱਚ ਤੱਰਕੀਆ ਸੰਬਧੀ।

ਉਪਰਕੋਤ ਵਿਸੇ ਤੇ ਸਬੰਧ ਵਿੱਚ ਦੱਸਿਆ ਜਾਦਾ ਹੈ ਕਿ ਵਿਭਾਗ ਵਲੋ ਲੈਕਚਰਾਰ ਕਾਡਰ (ਪੁਰਸ ਤੇ ਇਸਤਰੀਆ )ਦੀ ਮਿਤੀ 7-3-2011 ਨੂੰ ਫਾਈਨਲ ਕੀਤੀ ਗਈ ਸਿਨਿਆਰਤਾ ਦੇ ਅਧਾਰ ਤੇ ਹੁਣ ਤੱਕ ਹੇਠ ਲਿਖੇ ਅਨੁਸਾਰ ਪੀ.ਈ.ਐਸ(ਸਕੂਲ ਤੇ ਇਨਪੈਕਸਨ) ਗਰੁੱਪ ਏ ਕਾਡਰ ਵਿੱਚ ਤੱਰਕੀਆ ਕੀਤੀਆ ਗਈਆ ਹਨ:-

| | | |
|---|---|---|
| 1. ਲੈਕਚਰਾਰ ਪੁਰਸ (ਜਰਨਲ) | = | 877 |
| 2. ਲੈਕਚਰਾਰ ਪੁਰਸ (ਅ:ਜ:) | = | 907 |
| 3. ਲੈਕਚਰਾਰ ਇਸਤਰੀ (ਜਰਨਲ) | = | 643 |
| 4. ਲੈਕਚਰਾਰ ਇਸਤਰੀ (ਅ:ਜ:) | = | 690 |
| 5. ਅੰਗਹੀਣ (ਪੁਰਸ) ਆਰਥੋ | = | 963 |
| 6. ਅੰਗਹੀਣ (ਇਸਤਰੀਆ)ਆਰਥੋ | = | 883 |
| 7. ਅੰਗਹੀਣ (ਪੁਰਸ) ਨੇਤਰਹੀਣ | = | 2617 |
| 8. ਅੰਗਹੀਣ (ਇਸਤਰੀਆ) ਨੇਤਰਹੀਣ | = | --- |
| 9.ਅੰਗਹੀਣ (ਪੁਰਸ) ਗੁੰਗੇਬੋਲੇ | = | 1734 |
| 10. ਅੰਗਹੀਣ (ਇਸਤਰੀਆ) ਗੁੰਗੇਬੋਲੇ | = | --- |

ਉਪਰੋਕਤ ਅਨੁਸਾਰ ਕੀਤੀ ਗਈ ਡੀ ਪੀ ਸੀ ਵਿਰੁੱਧ ਕਈ ਲੈਕਚਰਾਰ ਵੱਲੋ ਮਾਨਯੋਗ ਹਾਈ ਕਰੋਟ ਵਿਖੇ ਰਿਟਾਂ ਆਦਿ ਕੀਤੀਆ ਗਈਆ ਹਨ । ਇਸ ਲਈ ਉਚਿਤ ਹੋਵੇਗਾ ਕਿ ਕੋਈ ਵੀ ਲੈਕਚਰਾਰ ਜੋ ਉਪਰੋਕਤ ਅਨੁਸਾਰ ਮਿਤੀ 7-3-2011 ਦੀ ਸੀਨੀਆਰਤਾ ਸੂਚੀ ਵਿੱਚ ਸੀਨੀਅਰ ਸੀ ਪਰ ਕਿਸੇ ਵੀ ਕਾਰਨ ਕਰਕੇ ਉਸ ਦੀ ਤੱਰਕੀ ਨਹੀ ਹੋਈ,ਤਾਂ ਉਹ ਆਪਣੇ ਵੇਰਵੇ ਸਬੰਧਤ ਜਿਲਾ ਸਿਖਿਆ ਅਫਸਰਾਂ /ਮੰਡਲ ਸਿਖਿਆ ਅਫਸਰਾਂ ਰਾਹੀ ਇਸ ਦਫਤਰ ਨੂੰ ਇਸ ਪੱਤਰ ਦੇ ਜਾਰੀ ਹੋਣ ਦੇ ਤਿੰਨ ਦਿਨਾਂ ਦੇ ਅੰਦਰ ਪੁੱਜਦੇ ਕਰਨੇ ਯਕੀਨੀ ਬਣਾਉਣ। ਉਮੀਦਵਾਰ ਆਪਣੇ ਵੇਰਵਿਆ ਦੀ ਇੱਕ ਕਾਪੀ ਸਿੱਧੇ ਹੀ ਡਾਇਰੈਕਟੋਰੇਟ ਨੂੰ ਨਿਜੀ ਪੱਧਰ ਤੇ ਵੀ ਪੁੱਜਦੇ ਕਰਨ ਤਾ ਜੋ ਕਿਸੇ ਵੀ ਤਰਾਂ ਦੀ ਔਕੜ/ਕਾਨੂੰਨੀ ਮੁਸਕਲ ਦਾ ਭਵਿਖ ਵਿੱਚ ਸਾਹਮਣਾ ਨਾ ਕਰਨਾ ਪਵੇ। ਮੰਡਲ ਸਿਖਿਆ ਅਫਸਰ/ਜਿਲਾ ਸਿਖਿਆ ਅਫਸਰ ਪ੍ਰਾਪਤ ਪ੍ਰਤੀ ਬੇਨਤੀ ਪੱਤਰ ਆਪਣੇ ਅਧੀਨ ਕੰਮ ਕਰ ਰਹੇ ਲੈਕਚਰਾਰ ਦੇ ਮਕੱਮੁਲ ਵੇਰਵਿਆ ਸਹਿਤ ਤਰੁੰਤ ਇਸ ਡਾਇਰਕਟੋਰੇਟ ਨੂੰ ਪੁੱਜਦੇ ਕਰਨਗੇ।

25/5/13
ਰਜਿਸਟਰਾਰ ਸਿੱਖਿਆ ਵਿਭਾਗ।

ਪਿਠ ਅੰਕਣ ਨੰ: ਉਕਤ ਮਿਤੀ ਚੰਡੀਗੜ੍ਹ: 25/5/2013

ਉਤਾਰਾ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿ-4) ਚੰਡੀਗੜ੍ਹ ਨੂੰ ਸੂਚਨਾਂ ਹਿੱਤ ਭੇਜੀ ਜਾਂਦੀ ਹੈ।

25/5/13
ਰਜਿਸਟਰਾਰ ਸਿੱਖਿਆ ਵਿਭਾਗ।